2249-2976

'Pramāna' Research Journal is a quarterly peer reviewed publication of Acharya Academy listed at : Ulrich's periodicals Directory ProQuest. U.S.A., Copernicus Poland, Research Bib, Japan, Indian Journal Index (IJINDEX) and UGC New Delhi is acceptable for publication including original research papers, review research papers and all publication becomes the property of the journal.

Publisher :

Acharya Academy

Acharya (Dr.) Shilak Ram

V.P.O. Chuliyana Rohaj-124527, Distt. Rohtak (Haryana) India

Mob. : 9992885894, 9813013065, 8901013065

www.chintanresearchjournal.com

e-mail : shilakram9@gmail.com
jangratoday@gmail.com

कृण्वन्तो विश्वमार्यम्
Year : 8
Issue : 31
Jan.-March 2019
www.chintanresearchjournal.com

यतेमहि स्वराज्ये
ISSN : 2249-2976

Impact Factor : 4.005

(Art, Humanity, Social Science, Commerce, Management, Law & Science Subjects)
(Indexed & Listed at : Ulrich's Periodicals Directory ©, ProQuest. U.S.A.)
(Indexed & Listed at : Copernicus, Poland)
(Indexed & Listed at : Research Bib, Japan)
(Indexed & Listed at : Indian Journal Index (IJINDEX))
(UGC Approved List No. 41241)

(International Refereed)

Pramāna

Research Journal

Editor-in-Chief
Acharya (Dr.) Shilak Ram

आचार्य अकादमी
सर्वधर्मान् परित्यज्य मामेकं शरणं व्रज
यावत् जीवेत् सुखं जीवेत्

Acharya Academy
Bharat
ISO 9001:2008

- हरियाणा की राजनीति मे परिवारवाद
  - संजय कुमार 669-673
- कथाकार 'भगवान दास मोरवाल के साहित्य में अभिव्यक्त मेवाती लोक संस्कृति व ग्रामीण जीवन'
  - सुनील कुमार 674-679
- भारत में महिलाओं की समस्या : एक ऐतिहासिक दृष्टिपात
  - श्वेता कश्यप 680-683
- ਬਲਰਾਜ ਸਾਹਨੀ ਦਾ 'ਮੇਰਾ ਪਾਕਿਸਤਾਨੀ ਸਫ਼ਰਨਾਮਾ' : ਇਕ ਅਧਿਐਨ 684-687
  ਡਾ. ਗੁਰਜਿੰਦਰ ਕੌਰ
- ਨਾਵਲ 'ਬੋਲ ਮਰਦਾਨਿਆਂ' ਵਿੱਚ ਬਾਬੇ ਨਾਨਕ ਦੀ ਸ਼ਖਸੀਅਤ ਦੀ ਪੇਸ਼ਕਾਰੀ 688-693
  ਜਗਮੀਰ ਸਿੰਘ ਹੈਬੂਆਣਾ
- ਕਹਾਣੀ ਸੰਗ੍ਰਹਿ 'ਕਾਲਾ ਕਬੂਤਰ' : ਕਲਾ ਪੱਖ 694-698
  ਕਿਰਨ ਗਰਗ
- ਪੰਜਾਬੀ ਵਿਚ ਅਨੁਵਾਦਿਤ 'ਸਾਧਵ ਕੌਸ਼ਿਕ' ਦੀ ਰਚਨਾ 'ਸੁਣੋ ਰਾਧਿਕਾ' ਦਾ ਕਲਾਤਮਕ ਅਧਿਐਨ 699-702
  ਕੁਲਵਿੰਦਰ ਕੌਰ
- ਨਾਰੀਵਾਦੀ ਸਿਧਾਂਤ ਚਿੰਤਨ 703-706
  ਡਾ. ਰੁਪਿੰਦਰ ਕੌਰ
- ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਆਸਾ ਦੀ ਵਾਰ' ਦੇ ਨੈਤਿਕ ਸਰੋਕਾਰਾਂ ਦੀ ਵਿਹਾਰਕਤਾ 707-710
  ਪਰਮਜੀਤ ਕੌਰ ਔਲਖ
- राधा कृष्ण प्रेम की आधुनिक विश्व में उपादेयता
  - डॉ० गीतांजलि तिवारी 711-713
- उपमाऽलङ्कार की व्याकरणमूलकता
  - कृपा भाष्कर सचदेव 714-723
- सामाजिक सम्बन्ध एवं स्त्री
  - सोनम बामनिया 724-728
- संस्कृत उपन्यास 'शिवराजविजयम्' में सामाजिक जीवन
  - डॉ० संगीता आर्य 729-732
- ममता कालिया के कथा साहित्य में नारी का पारिवारिक परिदृश्य
  - राकेश मान 733-736
- नागार्जुन एक जनवादी कवि
  - पूनम सहारण 737-739
- भारत की आर्थिक संवृद्धि में संगीत उद्योग की सहभागिता: एक अध्ययन
  - डॉ. अमिता शर्मा 740-742
- RBI Role as a Controller in Indian Banking System
  - Suman Khatri 743-746
- India-UK Trade Relations-The Period After 1991
  - Sudesh Kumari 747-756
- Development of Administrative and Political Institutions in French India1 under the Third Republic
  - Dr. A. Suresh 757-770
- Goods and Services Tax (GST) in India – An Overview and impact
  - Supriya 771-774
- Impact of Microfinance through SHGs on Poverty Alleviation: A Study of Rural Haryana 775-781
  - Ravinder Kumar
- लोक जागरण के उद्घोषक 'कबीर' 782-784
  - मन्जु देवी
- स्वातंत्र्योत्तर हिंदी साहित्य मे मूल्य संक्रमण के नए आयाम 785-788
  - मीनू रानी
- सूरदास का वात्सल्य संसार 789-793
  - डॉ० यशवंती देवी
- हिन्दी उपयान्सों में मानवीय मूल्यों की अभिव्यक्ति 794-797
  - अजमेर
- वैश्विक परिपेक्ष में हिंदी : दशा व दिशा 798-801
  - रानी देवी
- Judicial Activism and Environment Protection in India: An Overview 802-805
  - Dr. Rajesh Kumar Garg
- A Research of Teaching Representation of Lord Buddha in His Own Words 806-811
  - Dr. Harjit Singh
- Obesity and Their non Surgical Treatments 812-821
  - Dr. Arushi Chhabra
- वागड़ के संस्कृत-मर्मज्ञ, स्वनामधन्य विद्याभूषण स्व0 पं. गणेशराम शर्मा का व्यक्तित्व एवं कर्तृत्व 822-825
  - डॉ० बाबूलाल मीना
- Cybercrimes and Cyber Laws in India: A detailed study 826-829
  - Shashank
- शान्तरस की दार्शनिक पृष्ठभूमि 830-836
  - बलराम आर्य
- महाकवि बाणभट्ट की कृतियों में लोकादर्श 837-840
  - डॉ. वन्दना शर्मा
- Housing and Sanitation : A Case Study of Andhera and Dilawara Village Karnal (Haryana) 2017 841-859
  - Pardeep
- Election Gimmicks: Freedom of Speech or Hate Speech 860-865
  - Sital Sharma
- Caste System In India 866-868
  - Sultan Singh
- A Comparative Study of Stress on Personal well being Among College Students 869-873
  - Dr Ritu Gahlawat
- भारत पाकिस्तान सम्बन्ध 874-884
  - डॉ० एस०पी० वत्स, कोमल
- भारतीय संस्कृति का स्वरूप- शिवराजविजय के विशेष परिप्रेक्ष्य में 885-890
  - शिवपूजन चौरसिया
- Problem-Solving Strategies among Special Needs Children: Training and Its Impact 891-895
  - Yeshaswi Mc, Dr. Shailaja Shastri
- हिन्दी खण्डकाव्य में सामाजिकता 896-900
  - पुष्पा रानी

Scanned with OKEN Scanner

Pramāna
International Refereed
UGC Approved No. 41241
Impact Factor : 4.005
Research Journal (ISSN : 2249-2976)
Year-8, Issue-31 (Jan.-March 2019) (Page No. 684-687)

ਬਲਰਾਜ ਸਾਹਨੀ ਦਾ 'ਮੇਰਾ ਪਾਕਿਸਤਾਨੀ ਸਫ਼ਰਨਾਮਾ' : ਇਕ ਅਧਿਐਨ

ਡਾ. ਗੁਰਜਿੰਦਰ ਕੌਰ
ਸਹਾਇਕ ਪ੍ਰੋਫੈਸਰ
ਸ੍ਰੀ ਗੁਰੂ ਨਾਨਕ ਗਰਲਜ਼ ਕਾਲਜ
ਸੰਤਪੁਰਾ (ਯਮੁਨਾਨਗਰ)

ਸ਼ੋਧ ਆਲੇਖ ਸਾਰ

ਬਲਰਾਜ ਸਾਹਨੀ ਦਾ ਨਾਂ ਸਫ਼ਰਨਾਮਾ ਸਾਹਿਤ ਵਿਚ ਅਮਰ ਰਹੇਗਾ, ਉਹ ਇੰਜ ਲਿਖਦਾ ਹੈ ਜਿਵੇਂ ਕਿਈ ਅਦਾਕਾਰ ਰੰਗ ਮੰਚ ਉਤੇ ਆਪਣੇ ਅਭਿਨਯ ਦਾ ਚਮਤਕਾਰ ਦਿਖਾ ਰਿਹਾ ਹੋਵੇ। ਸਾਹਨੀ ਨੇ ਇਸ ਸਫ਼ਰਨਾਮੇ ਦੀ ਸ਼ੈਲੀ ਨੂੰ ਪ੍ਰਚਲਿਤ ਸਫ਼ਰਨਾਮਾ ਸ਼ੈਲੀ ਤੋਂ ਵੱਖਰਾ ਰੂਪ ਦਿੱਤਾ ਹੈ ਅਤੇ ਆਪਣੇ ਜੀਵਨ ਦੇ ਫਲੈਸ਼-ਬੈਕ ਰਾਹੀ ਇਸ ਰਚਨਾ ਨੂੰ ਮੌਲਿਕਤਾ ਪ੍ਰਦਾਨ ਕਰ ਦਿੱਤੀ ਹੈ ਅਤੇ ਆਪਣੇ ਪਾਠਕਾਂ ਨੂੰ ਜ਼ਿੰਦਗੀ ਦੀ ਵਾਸਤਵਿਕਤਾ ਦੇ ਦਰਸ਼ਨ ਕਰਵਾਉਣ ਵਿੱਚ ਬਲਰਾਜ ਸਾਹਨੀ ਸਫ਼ਲ ਰਿਹਾ ਹੈ।

ਮੁਖ ਸ਼ਬਦ : ਅੰਧ-ਵਿਸ਼ਵਾਸ, ਸਭਿਆਚਾਰ, ਕਲਾਤਮਕ ਢੰਗ, ਯਥਾਰਥਕਤਾ ।

ਸਫ਼ਰਨਾਮਾ ਵਰਤਮਾਨ ਸਮੇਂ ਵਿਚ ਵਾਰਤਕ ਸਾਹਿਤ ਦਾ ਇਕ ਪ੍ਰਮੁੱਖ ਰੂਪ ਹੈ। ਆਮ ਤੌਰ ਤੇ ਸਫ਼ਰ ਦੀ ਰਿਪੋਰਟ ਨੂੰ ਸਾਹਿਤਕ ਪੱਧਰ ਤੇ ਪੇਸ਼ ਕਰਨ ਨੂੰ ਸਫ਼ਰਨਾਮਾ ਕਿਹਾ ਜਾਂਦਾ ਹੈ। ਸੰਸਾਰ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਇਹ ਵਿਧਾ ਅੱਜ ਸਾਨੂੰ ਪੜ੍ਹਨ ਨੂੰ ਮਿਲਦੀ ਹੈ। New Standard Dictionary ਅਨੁਸਾਰ, ''ਉਹ ਪੁਸਤਕ ਜਿਸ ਵਿਚ ਯਾਤਰਾ ਦੌਰਾਨ ਕੀਤੇ ਗਏ ਅਨੁਭਵ ਨੂੰ ਬਿਆਨਿਆ ਗਿਆ ਹੋਵੇ' ਸਫ਼ਰਨਾਮਾ ਕਹੀ ਜਾਂਦੀ ਹੈ। ਸਫ਼ਰਨਾਮੇ ਵਿਚ ਲੇਖਕ ਆਪਣੇ ਯਾਤਰਾ ਅਨੁਭਵਾਂ ਨੂੰ ਕਲਾਤਮਕ ਢੰਗ ਨਾਲ ਪਾਠਕਾਂ ਨਾਲ ਸਾਂਝਿਆ ਕਰਦਾ ਹੈ। ਇਹ ਕਾਲਪਨਿਕ ਵੀ ਹੋ ਸਕਦਾ ਹੈ ਪਰ ਯਥਾਰਥਕ ਰੰਗਣ ਵਿਚ ਪੇਸ਼ ਕੀਤਾ ਜਾਂਦਾ ਹੈ।''[1] ਭਾਵੇਂ ਸਫ਼ਰਨਾਮਾ 20ਵੀਂ ਸਦੀ ਤੋਂ ਆਰੰਭ ਹੁੰਦਾ ਲਗਦਾ ਹੈ ਪਰੰਤੂ ਇਸ ਦੇ ਬੀਜ ਮੱਧਕਾਲੀਨ ਪੰਜਾਬੀ ਸਾਹਿਤ ਵਿਚ ਵੀ ਦੇਖਣ ਨੂੰ ਮਿਲਦੇ ਨੇ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਸਭ ਤੋਂ ਵਧੀਕ ਸਫ਼ਰ ਕਰਨ ਵਾਲੇ ਗੁਰੂ ਸਾਹਿਬਾਨ ਸਨ। ਇਨ੍ਹਾਂ ਦੇ ਸਫ਼ਰਾਂ ਦੇ ਹਾਲਾਤ ਸਿੱਖ ਸਰਧਾਲੂ ਲੇਖਕਾਂ ਦੁਆਰਾ ਬਿਆਨ ਕੀਤੇ ਗਏ ਸੀ ਪਰੰਤੂ ਆਧੁਨਿਕ ਪੰਜਾਬੀ ਸਾਹਿਤ ਵਿਚ ਇਹ ਰੂਪ ਉਨ੍ਹਾਂ ਲੋਕਾਂ ਵਲੋਂ ਜਿਆਦਾ ਪ੍ਰਚਲਿਤ ਹੋਇਆ ਜੋ ਵਿਦੇਸ਼ ਦੀ ਯਾਤਰਾ ਉਪਰ ਗਏ ਅਤੇ ਜਿਨਾਂ ਨੇ ਉਥੇ ਦੇ ਲੋਕਾਂ ਦੇ ਜੀਵਨ ਅਤੇ ਸਭਿਆਚਾਰ ਨੂੰ ਲਿਖਤ ਰੂਪ ਦਿੱਤਾ । ਇਸ ਕਰਕੇ ਸਫ਼ਰਨਾਮਾ ਰੋਚਕ ਲਿਖਤ ਅਤੇ ਗਿਆਨ ਦਾ ਭੰਡਾਰ ਬਣ ਜਾਂਦਾ ਹੈ। ਸਫ਼ਰਨਾਮੇ ਵਿਚ ਲੇਖਕ ਵੱਖ-ਵੱਖ ਦੇਸ਼ਾ ਦੇ ਸਭਿਆਚਾਰਾਂ ਤੋਂ ਪਾਠਕ ਨੂੰ ਜਾਣੂ ਕਰਵਾਉਂਦਾ ਹੈ। ਇਸ ਨਾਲ ਪਾਠਕ ਦੀ ਦ੍ਰਿਸ਼ਟੀ ਵਿਸ਼ਾਲ ਹੁੰਦੀ ਹੈ ਅਤੇ ਪਾਠਕ ਆਪਣੀ ਸੋਚ ਵਿਚਾਰ ਦੀ ਸੀਮਾ ਤੋੜ ਕੇ ਆਪਣੇ ਦੇਸ਼ ਜਾਂ ਧਰਮ, ਰਿਸ਼ਤੇਦਾਰੀ ਬਰਾਦਰੀ ਜਾਂ ਜਾਤ-ਪਾਤ ਆਦਿ ਤੋਂ ਪਰ੍ਹਾਂ ਸੋਚਣ ਲੱਗ ਪੈਂਦਾ ਹੈ।

ਇਸ ਪ੍ਰਕਾਰ ਸਪੱਸ਼ਟ ਹੈ ਕਿ ਸਫ਼ਰਨਾਮਾ ਤੋਂ ਭਾਵ ਅਜਿਹੀ ਵਾਰਤਕ ਰਚਨਾ ਤੋਂ ਲਿਆ ਜਾਂਦਾ ਹੈ ਜਿਸ ਵਿਚ ਲੇਖਕ ਬਤੌਰ ਨਾਇਕ ਦੇ ਵਿਚਰਦਿਆਂ ਹੋਇਆਂ ਆਪਣੇ ਯਾਤਰਾ ਅਨੁਭਵਾਂ ਨੂੰ ਕਲਾਤਮਕ ਢੰਗ ਨਾਲ ਰਸਭਰੀ ਸ਼ੈਲੀ ਵਿਚ ਪਾਠਕਾਂ ਨਾਲ ਇਸ ਪ੍ਰਕਾਰ ਸਾਂਝਾ ਕਰਦਾ ਹੈ ਕਿ ਪਾਠਕ ਉਸ ਸਥਾਨ ਦੇ ਸਭਿਆਚਾਰ ਅਤੇ ਸੰਸਕ੍ਰਿਤੀ ਨੂੰ ਉਸ ਰਚਨਾ ਦੇ ਮਾਧਿਅਮ ਰਾਹੀ ਪਛਾਣਨ ਦੇ ਯੋਗ ਹੋ ਜਾਂਦਾ ਹੈ।

''ਸਫ਼ਰਨਾਮੇ ਦਾ ਰਚਨਾਕਾਰ ਕਿਸੇ ਖਾਸ ਸ਼ਖਸੀਅਤ ਦਾ ਧਾਰਨੀ ਮਹੱਤਵਪੂਰਨ ਵਿਅਕਤੀ ਹੋਣਾ ਚਾਹੀਦਾ ਹੈ, ਕਿਉਂਕਿ ਉਸਨੇ ਰਚਨਾ ਵਿਚ ਬਤੌਰ ਨਾਇਕ ਵੀ ਵਿਚਰਨਾ ਹੁੰਦਾ ਹੈ। ਇਸ ਲਈ ਇਹ ਜਰੂਰੀ ਹੈ ਕਿ ਲੇਖਕ ਦਾ ਗਿਆਨ ਬਹੁਤ ਵਿਸ਼ਾਲ ਹੋਵੇ, ਕਲਪਨਾ ਬਲਵਾਨ ਹੋਵੇ, ਕਲਮ ਵਿਚ ਜੋਸ਼ ਹੋਵੇ ਤੇ ਲੋਕਾਂ ਦੇ ਮਨਾਂ ਅੰਦਰ ਝਾਤੀ ਮਾਰ ਸਕਣ ਦੀ ਸ਼ਕਤੀ ਹੋਵੇ ਤਾਂ ਹੀ ਸਫ਼ਰਨਾਮਾ ਪਾਠਕ ਦੇ ਦਿਲਾਂ ਨੂੰ ਟੁੰਬ ਸਕਦਾ ਹੈ।''[2]

ਬਲਰਾਜ ਸਾਹਨੀ ਨੇ ਸਫ਼ਰਨਾਮੇ ਲਿਖਣ ਲਈ ਜਿਹੜੇ ਦੇਸ਼ ਚੁਣੇ, ਉਨ੍ਹਾਂ ਨਾਲ ਸਾਡੀ ਸਭ ਦੀ ਨਿੱਘੀ ਸਾਂਝ ਹੈ। ਪਾਕਿਸਤਾਨ ਦੀ ਧਰਤੀ ਨਾਲ ਸਾਡੀ ਇਤਨੀ ਤਗੜੀ ਨੇੜਤਾ ਤੇ ਸਾਂਝ ਹੈ, ਜਿਸਨੂੰ ਸ਼ਬਦਾਂ ਰਾਹੀਂ ਬਿਆਨ ਨਹੀ ਕੀਤਾ ਜਾ ਸਕਦਾ । ਪਾਕਿਸਤਾਨ ਸਾਡੇ ਬਜੁਰਗਾਂ ਦੀ ਗੁਰੂਆਂ ਭਗਤਾ ਪੀਰਾਂ, ਫਕੀਰਾਂ ਦੀ ਜਨਮ ਭੂਮੀ ਵੀ ਹੈ ਤੇ ਸਾਡੇ ਹੀ ਦੇਸ਼ ਦਾ ਇਕ ਹਿੱਸਾ ਵੀ ਰਿਹਾ ਹੈ, ਇਹੋ ਹੀ ਵਜ੍ਹਾ ਹੈ ਕਿ ਬਲਰਾਜ ਸਾਹਨੀ ਨੇ ਪਾਕਿਸਤਾਨ ਨੂੰ ਆਪਣੇ ਵਿਸ਼ੇ ਵਜੋਂ ਚੁਣਿਆ।

1947 ਈ. ਵਿਚ ਭਾਰਤ ਦੀ ਸੁਤੰਤਰਤਾ ਪਿਛੋਂ ਜਦੋਂ ਪੰਜਾਬ ਦੇ ਦੋ ਟੋਟੇ ਕਰ ਦਿੱਤੇ ਗਏ ਤਾਂ ਲੋਕਾਂ ਨੂੰ ਆਪਣੀ ਮਾਤਭੂਮੀ ਛੱਡਣ ਦਾ ਸਖ਼ਤ ਸਦਮਾ ਪਹੁੰਚਿਆ ਤੇ ਸਰਕਾਰਾਂ ਦੀ ਆਪਸੀ ਕਠੋਰ ਨੀਤੀ ਨੇ ਇਥੋਂ ਦੇ ਲੋਕਾਂ ਦੀਆਂ ਸਾਂਝਾਂ ਨੂੰ ਤੋੜ ਦਿੱਤਾ। ਇੰਜ ਪਾਕਿਸਤਾਨ ਤੇ ਭਾਰਤ ਦੀਆਂ ਸਰਕਾਰਾ ਦੇ ਆਪਸੀ ਤਨਾਉ ਦੇ ਬਾਵਜੂਦ ਪਾਕਿਸਤਾਨ ਦੀ ਯਾਤਰਾ ਬਾਰੇ ਲਿਖੇ ਗਏ ਸਫ਼ਰਨਾਮੇ ਦੋਵਾਂ ਦੇਸ਼ਾ ਦੇ ਲੋਕਾਂ ਵਿਚ ਪਰਸਪਰ ਸਨੇਹ ਅਤੇ ਨਿਕਟਤਾ ਜਗਾਉਣ ਵਿਚ ਸਹਾਈ ਹੁੰਦੇ ਹਨ ਅਤੇ ਨਾਲ ਹੀ ਇਨ੍ਹਾਂ ਯਾਤਰਾ ਪੁਸਤਕਾਂ ਨੇ ਲੋਕਾਂ ਵਿਚ ਇਹ ਚੇਤੰਨਤਾ ਲਿਆਂਦੀ ਕਿ ਸਰਕਾਰਾਂ ਦੁਸ਼ਮਣ ਹੋ ਸਕਦੀਆਂ ਹਨ, ਲੋਕ ਦੁਸ਼ਮਣ ਨਹੀ ਹੁੰਦੇ।

ਇਸ ਚੇਤੰਨਤਾ ਅਧੀਨ ਲਿਖੇ ਪੰਜਾਬੀ ਸਫ਼ਰਨਾਮਾ ਸਾਹਿਤ ਵਿਚ ਪ੍ਰਮੁੱਖ ਨਾਂ ਬਲਰਾਜ ਸਾਹਨੀ ਰਚਿਤ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਦਾ ਆਉਂਦਾ ਹੈ। ਬਲਰਾਜ ਸਾਹਨੀ ਕਿਉਂਕਿ ਪਾਕਿਸਤਾਨ ਵਿਚ ਰਹਿ ਗਏ ਨਗਰ ਭੇਰੇ ਦਾ ਜੰਮਪਲ ਸੀ, ਇਸ ਲਈ ਬਲਰਾਜ ਦੀ ਉਸ ਦੇਸ਼ ਦੀ ਮਿੱਟੀ ਨਾਲ ਜਜ਼ਬਾਤੀ ਸਾਂਝ ਦਾ ਹੋਣਾ ਸੁਭਾਵਿਕ ਸੀ। ਬਲਰਾਜ ਸਾਹਨੀ ਨੇ ਆਪਣਾ ਬਚਪਨ ਤੇ ਜਵਾਨੀ ਦੇ ਦਿਨ ਪਾਕਿਤਸਨਾ ਦੇ ਪਿੰਡਾਂ ਤੇ ਸ਼ਹਿਰਾ ਵਿਚ ਬਿਤਾਏ ਸੀ, ਉਨ੍ਹਾਂ ਪਿੰਡਾਂ ਤੇ ਸ਼ਹਿਰਾਂ ਨੂੰ ਦੇਖਣ, ਬਚਪਨ ਦੇ ਦੋਸਤਾ ਨੂੰ ਮਿਲਣ, ਆਪਣੇ ਲੋਕਾਂ ਦੀ ਬੋਲੀ ਨੂੰ ਸੁਣਨ ਤੇ ਮਾਨਣ ਦੀ ਇੱਛਾ ਨੂੰ ਲੈ ਕੇ ਸਾਹਨੀ ਪਾਕਿਸਤਾਨ ਜਾਂਦਾ ਹੈ। ਇਸ ਸਫ਼ਰਨਾਮੇ ਵਿਚ ਬਲਰਾਜ ਦੀਆਂ ਸ਼ਕਤੀਸ਼ਾਲੀ ਭਾਵਨਾਵਾਂ ਦਾ ਸਾਕਾਰ ਰੂਪ ਮਿਲਦਾ ਹੈ। ਉਸਦੀ ਇਹ ਪੁਸਤਕ ਪੂਨਰ ਯਾਦਾਂ ਨਾਲ ਭਰਪੂਰ ਹੈ। ਉਥੋਂ ਦੀ ਹਰ ਯਾਦ, ਹਰ ਛੋਹ, ਹਰ ਮੁਸਕਣੀ, ਹਰ ਪਲ ਨੂੰ ਇਸ ਪੁਸਤਕ ਵਿਚ ਅੰਕਿਤ ਕੀਤਾ ਹੈ। ਸਰਗੋਧੇ ਪਹੁੰਚ ਕੇ ਬਲਰਾਜ ਇਹ ਮਹਿਸੂਸ ਕਰਦਾ ਹੈ ਕਿ ''ਹਿੰਦੁਸਤਾਨ ਦਾ ਮੈਂ ਚੱਪਾ ਚੱਪਾ ਗਾਹਿਆ ਹੈ, ਬੜੀਆਂ ਰੀਝਾਂ ਤੇ ਉਮੰਗਾਂ ਨਾਲ, ਪਰ ਕਿਸੇ ਨਵੇਂ ਸ਼ਹਿਰ ਵਿਚ ਪਹੁੰਚ ਕੇ ਪਹਿਲੇ ਇਕ ਦੋ ਦਿਨ ਜਰੂਰ ਉਪਰਾ-ਪਨ ਮਹਿਸੂਸ ਹੁੰਦਾ ਹੈ, ਪਰ ਇਥੇ ਕੋਈ ਉਪਰਾਪਨ ਨਹੀਂ, ਰੈਸਟ ਹਾਊਸ ਵੀ ਮੈਨੂੰ ਆਪਣਾ ਘਰ ਜਾਪ ਰਿਹਾ ਹੈ।''[3] ਬਲਰਾਜ ਸਾਹਨੀ ਜਦੋਂ ਡਾ. ਨਜ਼ੀਰ ਦੇ ਘਰ ਜਾਂਦਾ ਹੈ, ਤਾਂ ਉਹ ਪੁਰਾਣਾ ਵਾਤਾਵਰਣ ਵੇਖ ਕੇ ਉਸਨੂੰ ਆਪਣੀਆਂ ਪੁਰਾਣੀਆਂ ਯਾਦਾਂ ਉਜਾਗਰ ਹੋ ਜਾਂਦੀਆਂ ਨੇ। ਸੈਰ ਕਰਨ ਵੇਲੇ ਜਦੋਂ ਵੀ ਕੋਈ ਜਗ੍ਹਾ ਦੇਖਦਾ ਹੈ ਤਾਂ ਉਹ ਉਸ ਨਾਲ ਜੁੜੀਆਂ ਯਾਦਾਂ ਨੂੰ ਪੁਨਰ-ਸੁਰਜੀਤ ਕਰੀ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦੀ ਸਮਾਧ, ਮਹਾਰਾਜਾ ਰਣਜੀਤ ਸਿੰਘ ਦੀ ਸਮਾਧ, ਪੁਰਾਣਾ ਕਿਲ੍ਹਾ ਤੇ ਨਾਲ ਹੀ ਕਾਬਲੀ ਦਰਵਾਜ਼ਾ ਵੇਖਦਾ ਹੈ। ਰਾਹ ਤੁਰੇ ਜਾਂਦੇ ਲੋਕਾਂ ਨੂੰ ਪਿਆਰ ਤੇ ਸਧਰਾਂ ਭਰੀਆਂ ਨਿਗਾਹਾਂ ਨਾਲ ਦੇਖਦਾ ਹੈ ਜਿਸ ਨਾਲ ਉਸ ਦੇ ਦਿਲ ਵਿਚ ਖਾਸ ਖਾਸ ਦੇਸ਼ ਪਿਆਰ ਜਾਗ ਪੈਂਦਾ ਹੈ, ਪਰ ਫਿਰ ਦਿਲ ਵਿਚ ਆਉਂਦਾ ਹੈ ਕਿ ਇਹ ਤਾਂ ਹੁਣ ਗੈਰ ਮੁਲਕ ਹੈ।

ਬਲਰਾਜ ਸਾਹਨੀ ਹਰ ਨਿੱਕੀ-ਨਿੱਕੀ ਘਟਨਾ ਦੇ ਆਲੇ ਦੁਆਲੇ ਦਾ ਵੀ ਵਰਨਣ ਕਰੀ ਜਾਂਦਾ ਹੈ ਤੇ ਉਨਾ ਪੁਰਖਾਂ ਬਾਰੇ ਵੀ ਲਿਖਦਾ ਹੈ ਜਿਹੜੇ ਦਿੱਲੀ ਤੋਂ ਲੈ ਕੇ ਲਾਹੌਰ ਤਕ ਸੰਪਰਕ ਵਿਚ ਆਏ। ਅਟਾਰੀ ਸਟੇਸ਼ਨ ਤੇ ਪਹੁੰਚ ਕੇ ਬਲਰਾਜ ਨੇ ਸਰਹੱਦ ਵੇਖੀ, ਪਾਕਿਸਤਾਨ ਦੀ ਸਰਹੱਦ ਵਾਲੇ ਪਾਸੇ ਖੇਤਾਂ ਵਿਚ ਪੰਜਾਬ ਦੇ ਲੋਕਾਂ ਵਾਂਗ ਮੁਸਲਮਾਨ ਕਿਸਾਨ ਕੰਮ ਕਰ ਰਹੇ ਸੀ। ''ਸ਼ਹਿਰਾਂ ਵਿਚ ਜਿਸ ਪਟੜੇ ਤੋਂ ਹਿੰਦੂ ਹਲਵਾਈ ਉਠ ਕੇ ਚਲਾ ਗਿਆ, ਮੁਸਲਮਾਨ ਹਲਵਾਈ ਆ ਕੇ ਬਹਿ ਗਿਆ, ਬਸ ਇਨਾਂ ਹੀ ਫ਼ਰਕ ਸੀ। ਜਿਸ ਕਾਲਜ ਦਾ ਨਾਂ ਪਹਿਲਾਂ ਡੀ.ਏ.ਵੀ. ਕਾਲਜ ਸੀ ਹੁਣ ਉਸ ਦਾ ਨਾਂ ਬਦਲ ਕੇ ''ਇਸਲਾਮੀਆ ਕਾਲਜ' ਰਖ ਦਿੱਤਾ ਸੀ।''[4]

ਸਫ਼ਰਨਾਮਾ ਕਿਉਂਕਿ ਨਿਰੰਤਰ ਨਵੇਂ ਅਨੁਭਵਾਂ ਦਾ ਸੰਵਾਦ ਹੁੰਦਾ ਹੈ ਅਤੇ ਸੰਵਾਦ ਵਿਚ ਇਕ ਮਹੱਤਵਪੂਰਨ ਤੱਤ ਨਿਰੀਖਣ ਤੇ ਆਲੋਚਨਾ ਦਾ ਵੀ ਹੁੰਦਾ ਹੈ। ਬਲਰਾਜ ਵੀ ਕਈ ਮਹੱਤਵਪੂਰਨ ਵਿਸ਼ਿਆਂ ਤੇ ਆਲੋਚਨਾਤਮਕ ਦ੍ਰਿਸ਼ਟੀ ਦੁਆਰਾ ਵਿਚਾਰ ਦੇਂਦਾ ਹੈ। ਉਹ ਭਾਰਤ ਤੇ ਪਾਕਿਸਤਾਨ ਦੇ ਵਿਧਾਨ ਤੇ ਫ਼ਿਰਕਾਪ੍ਰਸਤੀ ਦਾ ਤੁਲਨਾਤਮਕ ਅਧਿਐਨ ਕਰਦਾ ਹੈ। ਬਲਰਾਜ ਸਾਹਨੀ ਪਾਕਿਸਤਾਨ ਦੇ ਨਿਜ਼ਾਮ ਬਾਰੇ ਇਹ ਵੀ ਵਿਚਾਰ ਦੇਂਦਾ ਹੈ ਕਿ ਉਥੋਂ ਦੇ ਲੋਕਾਂ ਨੂੰ ਹਿੰਦੁਸਤਾਨੀ ਫਿਲਮਾਂ ਵੇਖਣ ਦੀ ਮਨਾਹੀ ਹੈ ਜਦਕਿ ਪਬਲਿਕ ਭਾਰਤੀ ਫਿਲਮਾਂ ਲਈ ਤਰਸਦੀ ਹੈ। ਆਜ਼ਾਦੀ ਤੋਂ ਪਹਿਲਾਂ ਤੇ ਹੁਣ ਦੇ ਲਿਹਾਜ ਨਾਲ ਪਿੰਡਾਂ ਦੀ ਆਰਥਿਕ ਪੱਖੋਂ ਤੁਲਨਾ ਕਰਦਾ ਹੈ। ਬਲਰਾਜ ਕਹਿੰਦਾ ਹੈ ਕਿ ਪਿੰਡਾਂ ਦੀ ਮਾਲੀ ਹਾਲਤ ਵੀ ਪਹਿਲੀ ਨਜ਼ਰੇ ਨਾ ਬਹੁਤ ਮਾੜੀ ਜਾਪਦੀ ਸੀ ਤੇ ਨਾ ਹੀ ਬਹੁਤ ਚੰਗੀ। ਆਜ਼ਾਦੀ ਤੋਂ ਪਹਿਲਾ ਪੱਛਮੀ ਪੰਜਾਬ ਦੇ ਪਿੰਡ ਜਿਸ ਤਰ੍ਹਾਂ ਦੇ ਹੁੰਦੇ ਸਨ, ਉਸੇ ਤਰ੍ਹਾਂ ਦੇ ਹੁਣ ਜਾਪਦੇ ਸਨ। ਦਿਹਾਤ ਵਿਚ ਉਸਾਰੂ ਯੋਜਨਾਵਾਂ ਦੀ ਕੋਈ ਉਘ ਸੁਘ ਨਹੀ ਸੀ ਦਿਸੀ, ਕਹਿਣ ਤੋਂ ਭਾਵ ਕਿ ਤਰੱਕੀ ਨਾਂ ਦੇ ਬਰਾਬਰ ਸੀ।

ਇਸ ਸਫ਼ਰਨਾਮੇ ਰਾਹੀ ਬਲਰਾਜ ਦੀ ਸ਼ਖਸੀਅਤ ਦਾ ਅਜਿਹਾ ਪੱਖ ਉਜਾਗਰ ਹੁੰਦਾ ਹੈ ਕਿ ਉਹ ਧਰਮ ਸੰਕੀਰਣਤਾ ਤੋਂ ਕਿੰਨਾ ਉੱਚਾ ਉਠ ਗਿਆ ਹੈ। ਉਹ ਪਾਕਿਸਤਾਨੀ ਲੋਕਾਂ ਨੂੰ ਭਾਰਤ ਦੇ ਲੋਕਾਂ ਵਾਂਗ ਪਿਆਰ ਕਰਨਾ ਚਾਹੁੰਦਾ ਹੈ, ਬਹੁਤ ਸਾਰੇ ਵਿਚਾਰ ਭਾਰਤੀ ਧਰਮਾਂ ਬਾਰੇ ਦੇ ਜਾਂਦਾ ਹੈ ਤੇ ਇਸ ਗੱਲ ਤੇ ਵੀ ਚਾਨਣਾ ਪਾਉਂਦਾ ਹੈ ਕਿ ਪਾਕਿਸਤਾਨ ਦੇ ਮੁਸਲਮਾਨਾਂ ਤੇ ਭਾਰਤ ਦੇ ਹਿੰਦੂਆਂ ਦਾ ਵਿਰਸਾ ਇਕੋ ਹੀ ਸੀ। ਲੇਖਕ ਦਾ ਮਨ ਇਸ ਦੇਸ਼ ਦੀ ਵੰਡ ਨੂੰ ਮਨਣ ਲਈ ਤਿਆਰ ਨਹੀ। ਬਲਰਾਜ ਸਾਹਨੀ ਥਾਂ-ਥਾਂ ਆਪਣੇ ਸਭਿਆਚਾਰਕ ਵਿਰਸੇ ਨੂੰ ਲੱਭਣ ਦੀ ਆਹਰ ਵਿਚ ਰਹਿੰਦਾ ਹੈ, ਇਕ ਮੁਟਿਆਰ ਜੋ ਉਸਨੂੰ ਹੀਰ ਵਰਗੀ ਲੱਗਦੀ ਹੈ, ਬਲਰਾਜ ਸਾਹਨੀ ਨੂੰ ਹੀਰ ਪੰਜਾਬਣ, ਪੰਜਾਂ ਪਾਣੀਆਂ ਦੀ ਸਭਿਅਤਾ ਤੇ ਬੋਲੀ ਵਿਚੋਂ ਦਿੱਸਦੀ ਹੈ। ਜਦੋਂ ਸਾਹਨੀ ਹੀਰ ਦਾ ਮਕਬਰਾ ਵੇਖਦਾ ਹੈ ਤਾਂ ਉਸ ਦੀਆਂ ਅੱਖਾਂ ਸਾਹਮਣੇ ਵਾਰਿਸ ਦੀ ਹੀਰ ਦਾ ਨਕਸ਼ਾ ਆ ਜਾਂਦਾ ਹੈ। ਇਕ ਵਿਆਹ ਤੇ ਸੰਮੀ ਨਾਚ ਵੇਖਿਆ ਜਿਹੜਾ ਕਿ ਪੰਜਾਬ ਦੇ ਭੰਗੜੇ ਵਾਂਗ ਹੀ ਉਸਨੂੰ ਜਾਪਿਆ। ''ਡਾ. ਜੀਤ ਸਿੰਘ ਸੀਤਲ ਲਿਖਦੇ ਹਨ ਕਿ ''ਬਲਰਾਜ ਦੇ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਵਿਚ ਬਲਰਾਜ ਨੂੰ ਝੰਗ ਦੇ ਬੇਲਿਆਂ ਵਿਚ ਫਿਰਦਾ ਹਰ ਪੰਜਾਬੀ ਰਾਂਝਾ ਦਿੱਸਦਾ ਹੈ।''[5]

ਬਲਰਾਜ ਸਾਹਨੀ ਦੀ ਲੇਖਣੀ ਵਿਚ ਇਕ ਅਜਿਹੀ ਵਿਸ਼ੇਸ਼ਤਾ ਹੈ ਕਿ ਉਹ ਆਪਣੇ ਸੰਪਰਕ ਵਿਚ ਆਏ ਹਰ ਵਿਅਕਤੀ ਦਾ ਸ਼ਬਦਾਂ ਰਾਹੀ ਇਕ ਚਿੱਤਰ ਜਿਹਾ ਖਿੱਚ ਦੇਂਦਾ ਹੈ। ਅਜਿਹਾ ਕਰਦੇ ਸਮੇਂ ਰੇਖਾ ਚਿੱਤਰ ਵਰਗੀ ਝਲਕ ਉਸਦੀ ਲੇਖਣੀ ਵਿਚੋਂ ਪੈਂਦੀ ਹੈ। ਜਿਵੇਂ ਕਿ ਡਾ. ਨਜ਼ੀਰ ਦੀ ਸ਼ਖਸੀਅਤ ਅਤੇ ਉਸਦੇ ਦ੍ਰਿਸ਼ਟੀਕੋਣ ਦਾ ਵਰਣਨ ਕਰਦਾ ਹੈ। ਡਾ. ਸਾਹਿਬ ਦੀ ਹਰ ਗੱਲ ਵਿਚੋਂ ਸਾਦਗੀ ਤੇ ਸੁਹਿਰਦਤਾ ਦਾ ਪ੍ਰਭਾਵ ਪੈਂਦਾ ਸੀ।''

ਜਦੋਂ ਸਾਹਨੀ ਆਪਣੀ ਜਨਮ ਭੂਮੀ ਡੇਰੇ ਨੂੰ ਵੇਖਣ ਜਾਂਦਾ ਹੈ ਤਾਂ ਉਥੋਂ ਦੀ ਹਰ ਚੀਜ਼ ਵੇਖ ਕੇ ਉਸ ਨਾਲ ਜੁੜੀਆਂ ਯਾਦਾਂ ਜਜ਼ਬਾਤੀ ਢੰਗ ਨਾਲ ਉਲੀਕਦਾ ਹੈ। ਇਥੇ ਉਹ ਬੜੀ ਭਾਵੁਕਤਾ ਨਾਲ ਆਪਣੇ ਮਕਾਨ, ਘਰ, ਕੰਧਾਂ, ਕਮਰਿਆਂ, ਗਲੀ ਤੇ ਮੁਹੱਲੇ ਦਾ ਵਰਨਣ ਕਰਦਾ ਹੈ। ਜਦੋਂ ਸਾਹਨੀ ਆਪਣੀ ਪੁਰਾਣੇ ਘਰ ਨੂੰ ਵੇਖਦਾ ਹੈ ਤਾਂ ਤਾਂ ਉਸ ਅੰਦਰ ਅੱਠਾਂ ਕੁ ਵਰਿਆਂ ਦਾ ਬਾਲ ਜਾਗ ਪੈਂਦਾ ਹੈ ਅਤੇ ਸਾਹਨੀ ਰੋ ਰੋ ਕੇ ਧਰਤੀ ਤੇ ਡਿੱਗ ਜਾਂਦਾ ਹੈ। ਸਾਹਨੀ ਜਦੋਂ ਪਾਕਿਸਤਾਨ ਦੀ ਫੇਰੀ ਉਤੇ ਤੁਰਿਆਂ ਤਾਂ ਪ੍ਰੌਢ ਉਮਰ ਦਾ ਵਿਅਕਤੀ ਸੀ। ਪਰ ਕਈ ਥਾਵਾਂ ਤੇ ਉਹ ਆਪਣੇ ਬਾਲ ਦਿਲ ਨੂੰ ਬਿਲਕੁਲ ਨਹੀ ਸੰਭਾਲ ਸਕਿਆ। ਉਹ ਆਪਣੀ ਧਰਤੀ ਤੇ ਜ਼ੁਬਾਨ ਨਾਲ ਬੇਹੱਦ ਮੁਹੱਬਤ ਕਰਦਾ ਹੈ, ਨਾਲ-ਨਾਲ ਉਹ ਦੂਜੀਆਂ ਜ਼ੁਬਾਨਾਂ ਦਾ ਵੀ ਇਹ ਤਰਾਸ ਕਰਦਾ ਹੈ। ਬਲਰਾਜ ਦਾ ਦ੍ਰਿਸ਼ਟੀਕੋਣ ਖਾਲਸ ਭਾਰਤੀ ਅਤੇ ਵਿਸ਼ੁੱਧ ਪੰਜਾਬੀ ਹੈ, ਇਸੇ ਲਈ ਉਹ ਸਮਝਦਾ ਹੈ ਕਿ ਪੰਜਾਬੀ ਸਭਿਆਚਾਰ ਦੀ ਪਹਿਲੀ ਗੱਲ ਹੀ ਆਦਿ ਗ੍ਰੰਥ, ਦਸਮ ਗ੍ਰੰਥ, ਹੀਰ ਵਾਰਿਸ ਪੰਜਾਬੀ ਕਿੱਸਾਕਾਰ ਅਤੇ ਸੂਫ਼ੀਆਂ ਦੇ ਕਲਾਮ ਤੋਂ ਸ਼ੁਰੂ ਹੁੰਦੀ ਹੈ।

ਬਲਰਾਜ ਸਾਹਨੀ ਦੀ ਇਕ ਹੋਰ ਵਡਿਆਈ ਉਸਦਾ ਅਰੋਗ ਜੀਵਨ ਦ੍ਰਿਸ਼ਟੀਕੋਣ ਹੈ। ਇਹ ਨਹੀ ਹੈ ਕਿ ਸਾਧਾਰਨ ਲੋਕਾ ਜਾ ਕੇ ਉਹ ਆਪਣੀ ਸ਼ਖਸੀਅਤ ਦਾ ਹੰਕਾਰ ਮਨ ਵਿਚ ਨਹੀ ਰਖਦਾ ਉਹ ਦੁਖੀ ਲੋਕਾਂ ਨਾਕ ਹਮਦਰਦੀ ਜਤਾਉਂਦਾ ਹੈ। ਉਹ ਸਮਾਜਵਾਦੀ ਦਰਸ਼ਨ ਦਾ ਮੰਨਣ ਵਾਲਾ ਹੈ। ਉਸਨੂੰ ਧਰਮ ਨਾਲ ਅੰਧ-ਵਿਸ਼ਵਾਸੀਆਂ ਵਾਲੀ ਅਟੀਕਤ ਨਹੀ ਹੈ ਪਰ ਉਹ ਕਿਸੇ ਧਰਮ ਨੂੰ ਨਫ਼ਰਤ ਵੀ ਨਹੀ ਕਰਦਾ। ਬਲਰਾਜ ਸਾਹਨੀ ਦਾ ਵਿਚਾਰ ਹੈ ਕਿ ''ਜਨਤਾ ਹਰ ਥਾਂ ਇਕੋ ਜਿਹੀ ਹੈ, ਉਸਦੇ ਗੁਣ ਦੋਸ਼ ਇਕੋ ਜਿਹੇ ਹਨ, ਦਵੈਸ਼ ਦਾ ਕੋਈ ਲਾਭ ਨਹੀ, ਦੋਹਾਂ ਦੇਸ਼ਾਂ ਵਿਚਾਲੇ ਫੇਰ ਮਿੱਤਰਤਾ ਹੋਵੇ, ਝਗੜੇ-ਝੇੜੇ ਮਿਟਣ, ਦਿਲ ਦੀ ਡੂੰਘੀ ਗੁੱਝੀ ਤੇ ਅਮਿੱਟ ਤਾਂਘ, ਉਸਦੇ ਬੋਲਾਂ ਅਤੇ ਉਸ ਦੀ ਖਾਮੋਸ਼ੀਆਂ ਵਿਚੋਂ ਹੀ ਨਿਰੰਤਰ ਛਲਕਦੀ ਹੈ।''[6] ਆਪਣੀ ਮਾਤ ਭੂਮੀ ਵਿਛੜਣ ਦੇ ਦਰਦ ਨੂੰ ਅਹਿਮਦ ਰਾਹੀ ਦੀ ਕਵਿਤਾ ਜੋ ਕਿ ਉਸਨੇ ਆਪਣੇ ਵਿਛੋੜੇ ਸ਼ਹਿਰ ਅੰਮ੍ਰਿਤਸਰ ਨੂੰ ਯਾਦ ਕਰਕੇ ਲਿਖੀ ਸੀ, ਦਾ ਵੇਰਵਾ ਵੀ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਇਸ ਕਵਿਤਾ ਨੂੰ ਸੁਣ ਕੇ ਬਲਰਾਜ ਦੀਆਂ ਅੱਖਾਂ ਵਿਚ ਅੱਥਰੂ ਆ ਗਏ :

''ਦੇਸ਼ ਵਾਲਿਉ ਆਪਣੇ ਦੇਸ ਅੰਦਰ
ਅਸੀ ਆਏ ਹਾਂ ਵਾਂਗ ਪ੍ਰਦੇਸੀਆਂ ਦੇ
ਘਰਾਂ ਵਾਲਿਉ ਆਪਣੇ ਘਰ ਅੰਦਰ
ਅਸੀ ਆਏ ਹਾਂ ਵਾਂਗ ਪੁਰਾਹੁਣਿਆਂ ਦੇ''[7]

ਬਲਰਾਜ ਸਹਨੀ ਅਜਿਹੇ ਦਰਦ ਭਰੇ ਵਾਕਾਂ ਦਾ ਇਸਤੇਮਾਲ ਕਰਦਾ ਹੈ ਕਿ ਪਾਠਕ ਵੀ ਉਸਦੇ ਦਰਦ ਵਿਚ ਵਹਿ ਤੁਰਦਾ ਹੈ ਜਿਵੇਂ ਕਿ ਜਦੋਂ ਬਲਰਾਜ ਸਰਗੋਧਿਉ ਵਾਪਸ ਆ ਰਿਹਾ ਹੁੰਦਾ ਹੈ ਤਾਂ ਕਹਿੰਦਾ ਹੈ ਕਿ ''ਜਿਉ-ਜਿਉ ਗੱਡੀ ਛੱਪ ਛੱਪ ਕਰਦੀ ਅੱਗੇ ਵਲ ਟੁਰੀ ਜਾਂਦੀ ਹੈ, ਭੇਰਾ ਗੁਆਚਣ ਦਾ ਦੁਖ ਤਪੀ ਹੋਈ ਸਲਾਖ ਵਾਂਗ ਮੇਰੇ ਕਲੇਜੇ ਅੰਦਰ ਧੱਸੀ ਜਾਂਦਾ। ਚਾਲ਼ੀ ਸਾਲਾਂ ਬਾਅਦ ਜਿਸ ਧਰਤ ਨੂੰ ਕੇਵਲ ਤਿੰਨ ਘੰਟਿਆ ਲਈ ਵੇਖ ਕੇ ਇਤਨਾ ਰੀਝਿਆ ਸੀ, ਹੁਣ ਫੇਰ ਤੇ ਸ਼ਾਇਦ ਹਮੇਸ਼ਾ ਲਈ ਮੈਥੋਂ ਦੂਰ ਹੁੰਦੀ ਜਾ ਰਹੀ ਸੀ।''[8]

ਬਲਰਾਜ ਸਾਹਨੀ ਦੀ ਵੱਡੀ ਖੂਬੀ ਇਹ ਹੈ ਕਿ ਉਸਦਾ ਪਾਠਕ ਨਾਲ ਬੜਾ ਨਜ਼ਦੀਕੀ ਸਬੰਧ ਸਥਾਪਤ ਹੋ ਜਾਂਦਾ ਹੈ। ਪਾਠਕ ਆਪਣਾ ਆਪਾ ਭੁੱਲ ਜਾਂਦਾ ਹੈ ਅਤੇ ਉਹ ਮਹਿਸੂਸ ਕਰਦਾ ਹੈ ਕਿ ਜਿਵੇਂ ਸਾਹਨੀ ਦੇ ਨਾਲ ਹੀ ਘੁੰਮ ਰਿਹਾ ਹੋਵੇ। ਪਾਠਕ ਵੀ ਲੇਖਕ ਵਾਂਗ ਯਾਤਰੂ ਹੋ ਨਿਬੜਦਾ ਹੈ। ਬਲਰਾਜ ਸਾਹਨੀ ਇਕ ਚਿੱਤਰਕਾਰ ਲੇਖਕ ਹੈ, ਉਸਨੂੰ ਸ਼ਬਦਾਂ ਤੋਂ ਰੰਗਾਂ ਦਾ ਕੰਮ ਲੈਣਾ ਆਉਂਦਾ ਹੈ ਉਹ ਸਾਡੇ ਸਾਹਮਣੇ ਆਪਣੇ ਦੇਸ ਦੇ ਸਭਿਆਚਾਰ ਅਤੇ ਸਮਾਜ ਨੂੰ ਪੇਸ਼ ਕਰਦਾ ਹੈ। ਆਪਣੀ ਜ਼ਿੰਦਗੀ ਦੀ ਵਾਸਤਵਿਕਤਾ ਆਪਣੇ ਬਚਪਨ ਅਤੇ ਜਵਾਨੀ ਦੀ ਹਰ ਯਾਦ ਬੜੀ ਖੂਬਸੂਰਤ ਢੰਗ ਨਾਲ ਪੇਸ਼ ਕਰਦਾ ਹੈ। ਦੇਸ਼ ਵੰਡ ਦੇ ਦੁਖਾਂਤ ਨੂੰ ਪੇਸ਼ ਕਰਦਾ ਹੋਇਆ ਬਲਰਾਜ ਪ੍ਰਬਲ ਵਹਿਣਾਂ ਵਿਚ ਵਹਿ ਜਾਂਦਾ ਹੈ। ਸਫ਼ਰਨਾਮੇ ਦੇ ਸ਼ੁਰੂਆਤ ਵਿਚ ਉਹ ਭਾਵਮੁਲਕ ਸਤਰਾਂ ਪੇਸ਼ ਕਰਦਾ ਹੈ :

''ਭੁੱਖਾਂ ਲੈ ਕੇ ਚਲਿਆ ਰੱਬਾ ਲਾਹਵੀ
ਆਸਾਂ ਦੀ ਟਹਿਣੀ ਤੇ ਫੁੱਲ ਖਿੜਾਵੀ
ਗੈਰ ਮੁਲਕੀਏ ਹੋ ਗਏ ਮੇਰੇ ਵਤਨੀ
ਹੋਰ ਉਹਨਾਂ ਨੂੰ ਨਾ ਗੈਰ ਬਣਾਵੀ''[9]

ਇਕ ਪ੍ਰਮਾਣਿਕ ਸਫ਼ਰਨਾਮੇ ਵਾਂਗ ਹੀ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਵਿਚ ਜ਼ਿੰਦਗੀ ਦੀ ਵਾਸਤਵਿਕਤਾ ਦੇ ਦਰਸ਼ਨ ਸਹਿਜ-ਸੁਭਾ ਹੋ ਜਾਂਦੇ ਹਨ। ਸਾਹਨੀ ਸੁਹਿਰਦ ਰੂਪ ਵਿਚ ਆਪਣੇ ਅਨੁਭਵ ਦਾ ਪ੍ਰਗਟਾਵਾ ਕਰਦਾ ਹੈ, ਦੋ ਅੱਡ ਹੋਏ ਦੇਸ਼ਾਂ ਦੇ ਲੋਕਾਂ ਦੇ ਜੀਵਨ ਅਤੇ ਉਹਨਾਂ ਦੇ ਕੌਮੀ ਆਚਰਣ ਦੀ ਇਕ ਭਰਵੀਂ ਤਸਵੀਰ ਪੇਸ਼ ਕਰਦਾ ਹੈ। ਸਰਕਾਰ ਦੀਆਂ ਵਧੀਕੀਆਂ ਕਾਰਨ ਦੇਸ਼ ਵੰਡ ਸਮੇਂ ਆਮ ਜਨਤਾ ਨੂੰ ਕਿਵੇਂ ਦੁੱਖ ਸਹਾਰਨੇ ਪਏ। ਆਪਣੀ ਜਨਮ-ਭੂਮੀ, ਆਪਣੀ ਮਾਂ-ਬੋਲੀ, ਆਪਣੇ ਹੀ ਦੋਸਤ-ਮਿੱਤਰ ਭੈਣ-ਭਰਾ ਜਿਹਨਾਂ ਨੇ ਦੇਸ਼ ਵੰਡ ਸਮੇਂ ਅਸਹਿ ਕਸ਼ਟ ਸਹਾਰੇ ਅਤੇ ਇਸ ਕਤਲੋਂ ਗਾਰਤ ਸਮੇਂ ਉਹ ਪੰਛੀਆਂ ਵਾਂਗ ਆਪਣੇ ਬਣੇ-ਬਣਾਏ ਆਲ੍ਹਣੇ ਛੱਡ ਕੇ ਉਡ ਗਏ। ਆਪਣੇ ਇਸ ਸਫ਼ਰਨਾਮੇ ਵਿਚ ਬਲਰਾਜ ਸਾਹਨੀ ਆਪਣੀ ਵਾਰਤਕ ਨੂੰ ਮੌਲਿਕਤਾ ਪ੍ਰਦਾਨ ਕਰਨ ਵਿੱਚ ਸਫ਼ਲ ਰਿਹਾ ਹੈ, ਸ਼ੈਲੀ ਦੀ ਪੱਧਰ ਤੇ ਇਹ ਸਫ਼ਰਨਾਮਾ

ਵਿਭਿੰਨ ਸ਼ੈਲੀਆਂ ਦਾ ਸਮੂਹ ਮਾਤਰ ਹੀ ਨਹੀ ਸਗੋਂ ਸੁਤੰਤਰ ਚਰਿੱਤਰ ਵਾਲੀ ਰਚਨਾ ਹੈ। ਉਰਦੂ ਅਤੇ ਪੰਜਾਬ ਦੇ ਨਾਲ-ਨਾਲ ਪੋਠੋਹਾਰੀ ਬੋਲੀ ਦੀ ਵਧੀਆ ਰੰਗਤ ਇਸ ਵਾਰਤਕ ਰਚਨਾ ਵਿਚ ਪੜ੍ਹਨ ਨੂੰ ਮਿਲਦੀ ਹੈ। ਰਵਿੰਦਰ ਸਤਿਆਰਥੀ, ਬਲਰਾਜ ਸਾਹਨੀ ਦੇ ਸਫ਼ਰਨਾਮਾ ਸਾਹਿਤ ਬਾਰੇ ਵਿਚਾਰ ਪ੍ਰਗਟ ਕਰਦਾ ਹੋਇਆ ਲਿਖਦਾ ਹੈ ਕਿ ਬਲਰਾਜ ਸਾਹਨੀ ਦਾ ਨਾਂ ਸਫ਼ਰਨਾਮਾ ਸਾਹਿਤ ਵਿਚ ਅਮਰ ਰਹੇਗਾ, ਉਹ ਇੰਜ ਲਿਖਦਾ ਹੈ ਜਿਵੇਂ ਕਿਸੇ ਅਦਾਕਾਰ ਰੰਗ ਮੰਚ ਉਤੇ ਆਪਣੇ ਅਭਿਨਯ ਦਾ ਚਮਤਕਾਰ ਦਿਖਾ ਰਿਹਾ ਹੋਵੇ। ਸਾਹਨੀ ਨੇ ਇਸ ਸਫ਼ਰਨਾਮੇ ਦੀ ਸ਼ੈਲੀ ਨੂੰ ਪ੍ਰਚਲਿਤ ਸਫ਼ਰਨਾਮਾ ਸ਼ੈਲੀ ਤੋਂ ਵੱਖਰਾ ਰੂਪ ਦਿੱਤਾ ਹੈ ਅਤੇ ਆਪਣੇ ਜੀਵਨ ਦੇ ਫਲੈਸ਼-ਬੈਕ ਰਾਹੀ ਇਸ ਰਚਨਾ ਨੂੰ ਮੌਲਿਕਤਾ ਪ੍ਰਦਾਨ ਕਰ ਦਿੱਤੀ ਹੈ ਅਤੇ ਆਪਣੇ ਪਾਠਕਾਂ ਨੂੰ ਜ਼ਿੰਦਗੀ ਦੀ ਵਾਸਤਵਿਕਤਾ ਦੇ ਦਰਸ਼ਨ ਕਰਵਾਉਣ ਵਿੱਚ ਬਲਰਾਜ ਸਾਹਨੀ ਸਫ਼ਲ ਰਿਹਾ ਹੈ।

ਹਵਾਲੇ ਅਤੇ ਟਿੱਪਣੀਆਂ

1 ਡਾ. ਰਤਨ ਸਿੰਘ ਜੱਗੀ, 'ਸਾਹਿਤ ਦੇ ਰੂਪ', ਪੰਨਾ 107.
2 ਉਹੀ, ਪੰਨਾ 109
3 ਬਲਰਾਜ ਸਾਹਨੀ, 'ਮੇਰਾ ਪਾਕਿਸਤਾਨੀ ਸਫ਼ਰਨਾਮਾ', ਪੰਨਾ 20
4 ਉਹੀ, ਪੰਨਾ 31
5 ਡਾ. ਕੁਲਵੰਤ ਸਿੰਘ, 'ਪੰਜਾਬੀ ਵਾਰਤਕ ਸੰਚਾਰ ਅਤੇ ਵਿਉਹਾਰ, ਪੰਨਾ 80
6 ਬਲਰਾਜ ਸਾਹਨੀ, 'ਮੇਰਾ ਪਾਕਿਸਤਾਨੀ ਸਫ਼ਰਨਾਮਾ', ਪੰਨਾ 44
7 ਉਹੀ, ਪੰਨਾ 150
8 ਉਹੀ, ਪੰਨਾ 172
9 ਉਹੀ, ਪੰਨਾ 12

Scanned with OKEN Scanner